Roll No. ........................ Total Pages : 5

# 1037/MJ

**F–10/2051**

**PUNJABI COMPULSORY**
**(MUDLA GYAN)**

Paper–209

Semester–II

Time Allowed : 3 Hours] [Maximum Marks : 75

**ਨੋਟ:** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

## ਭਾਗ–ੳ

1. (ੳ) ਦੋ ਅੱਖਰਾਂ ਵਾਲੇ ਕੋਈ ਦਸ ਸ਼ਬਦ ਲਿਖੋ। 5

(ਅ) ਤਿੰਨ ਅੱਖਰਾਂ ਵਾਲੇ ਕੋਈ ਦਸ ਸ਼ਬਦ ਲਿਖੋ। 5

(ੲ) ਹੇਠ ਲਿਖਿਆਂ ਵਿਚੋਂ ਕਿਸੇ **ਪੰਜ** ਦੇ ਸ਼ਬਦ-ਜੋੜ ਠੀਕ ਕਰਕੇ ਲਿਖੋ: 5

ਕੇਹੜਾ, ਮੇਹਨਤ, ਸੌਹਰਾ, ਜਾਨਾ, ਕਚੈਰੀ, ਸਬ, ਚੁਕਣਾ, ਪੋੜੀ।



2. (ੳ) ਹੇਠ ਲਿਖੇ ਵਾਕਾਂ ਵਿਚੋਂ (ਕੇਵਲ **ਪੰਜ** ਵਿਚੋਂ) ਨਾਂਵ ਅਤੇ ਵਿਸ਼ੇਸ਼ਣ ਸ਼ਬਦ ਅਲੱਗ ਕਰਕੇ ਲਿਖੋ: 5

(i) ਕਾਲਾ ਘੋੜਾ ਤੇਜ਼ ਦੋੜਦਾ ਹੈ।

(ii) ਸੁਸਤ ਆਦਮੀ ਸਫ਼ਲ ਨਹੀਂ ਹੋਵੇਗਾ।

(iii) ਸੱਚਾ ਦੇਸ਼ਭਗਤ ਕੁਰਬਾਨੀ ਦੇਣ ਤੋਂ ਨਹੀਂ ਡਰਦਾ।

(iv) ਗਰੀਬ ਕਿਸ਼ਾਨ ਨੇ ਖ਼ੁਦਕਸ਼ੀ ਕਰ ਲਈ।

(v) ਬਰਸਾਤੀ ਨਾਲਾ ਅੱਜ ਕੱਲ੍ਹ ਭਰਿਆ ਹੋਇਆ ਹੈ।

(vi) ਮੇਰਾ ਭਰਾ ਵੱਡਾ ਅਫਸਰ ਬਣ ਗਿਆ ਹੈ?

(ਅ) ਹੇਠ ਲਿਖੇ ਇਸਤਰੀ ਲਿੰਗ ਸ਼ਬਦਾਂ ਵਿਚੋਂ ਕਿਸੇ **ਪੰਜ** ਦੇ ਪੁਲਿੰਗ ਰੂਪ ਲਿਖੋ: 5

ਔਰਤ, ਸਹੇਲੀ, ਬੇਗਮ, ਰੱਸੀ, ਪਹਾੜਨ, ਨਾਇਣ, ਸ੍ਰੀਮਤੀ।

## ਭਾਗ–ਅ

3. (ੳ) ਹੇਠ ਲਿਖੇ ਵਾਕਾਂ ਵਿਚੋਂ ਕਿਸੇ **ਪੰਜ** ਦੇ ਅਗੇਤਰ ਅਲੱਗ ਕਰੋ: 5

ਦੁਰਗੰਧ, ਨਿਕੰਮਾ, ਪਰਉਪਕਾਰ, ਪੜਪੋਤਾ, ਬੇਅਕਲ, ਲਾਪ੍ਰਵਾਹ, ਮਹਾਂਪੁਰਸ਼।

(ਅ) ਹੇਠ ਲਿਖੇ ਵਾਕਾਂ ਵਿਚੋਂ ਕਿਸੇ **ਪੰਜ** ਵਾਕੰਸ਼ ਚੁਣੋ: 5

(i) ਪਿਆਰ ਨਾਲ ਤਾਂ ਕਟੱੜ ਵਿਰੋਧੀ ਨੂੰ ਵੀ ਜਿੱਤਿਆਂ ਜਾ ਸਕਦਾ ਹੈ।

(ii) ਕਾਲੇ ਸੂਟ ਵਾਲੀ ਔਰਤ ਗੁਰਦੀਪ ਦੀ ਵੱਡੀ ਮਾਸੀ ਹੈ।

(iii) ਹਿਰਨ ਦਾ ਬੱਚਾ ਘਾਹ ਚਰ ਰਿਹਾ ਹੈ।

(iv) ਨਵੇਂ ਸਾਲ ਦਾ ਕਲੰਡਰ ਅਜੇ ਨਹੀਂ ਛਪਿਆ।

(v) ਮੇਰੀਆਂ ਸਾਰੀਆਂ ਆਸਾਂ ਤੇ ਪਾਣੀ ਫਿਰ ਗਿਆ।

4. ਹੇਠ ਲਿਖੇ ਪੈਰ੍ਹੇ ਨੂੰ ਵਿਸਰਾਮ ਚਿੰਨ੍ਹ ਲਗਾ ਕੇ ਲਿਖੋ: 10

ਇਹ ਤੁਸੀਂ ਬੱਚੀ ਦਾ ਨਾਂ ਕੀ ਰੱਖਿਆ ਏ ਜੇ ਬਦਲਣਾ ਚਾਹੋ ਤਾਂ ਹੁਣ ਵੇਲਾ ਹੈ ਬਦਲ ਸਕਦੇ ਹੋ ਸਕੂਲ ਦੇ ਰਜਿਸਟਰ ਵਿਚ ਦਰਜ ਨਾਂ ਸਾਰੀ ਉਮਰ ਚਲੇਗਾ ਰਜਨੀ ਨੇ ਬੱਚੇ ਵਲ ਵੇਖਦੇ ਹੋਏ ਉਸ ਦੇ ਮਾਪਿਆਂ ਨੂੰ ਕਿਹਾ ਮਾਪੇ ਮੁੱਖ ਅਧਿਆਪਕਾ ਦੀ ਗੱਲ ਸੁਣ ਕੇ ਸੋਚਾਂ ਵਿਚ ਪੈ ਗਏ ਫੇਰ ਬੱਚੀ ਦੀ ਮਾਂ ਇਕਦਮ ਬੋਲੀ ਤੁਹਾਡੀ ਬੱਚੀ ਦਾ ਕੀ ਨਾਂ ਏ ਮੇਰੀ ਬੱਚੀ ਦਾ ਨਾਂ ਤ੍ਰਿਸ਼ਨਾ ਏ ਅਤਿਅੰਤ ਪਿਆਰ ਵਿਚ ਰਜਨੀ ਬੋਲੀ ਤਾਂ ਫੇਰ ਇਹਦਾ ਨਾਂ ਵੀ ਤ੍ਰਿਸ਼ਨਾ ਹੀ ਦਰਜ ਕਰ ਦਿਓ ਬੱਚੀ ਦੇ ਪਿਤਾ ਨੇ ਕਿਹਾ



## ਭਾਗ—E

5. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੇਵਲ **ਪੰਦਰਾਂ** ਦੇ ਸੰਖੇਪ ਉੱਤਰ ਲਿਖੋ: 15×2=30

(i) 'ਕ' ਅਤੇ 'ਮ' ਅੱਖਰਾਂ ਨੂੰ ਸ਼ੁਰੂ ਵਿੱਚ ਰਖ ਕੇ ਦੋ-ਦੋ ਸ਼ਬਦ ਬਣਾਓ।

(ii) 'ਤੋਹਫਾ' ਅਤੇ 'ਅਖ਼ਬਾਰ' ਸ਼ਬਦਾਂ ਨੂੰ ਵਾਕਾਂ ਵਿਚ ਵਰਤੋ।

(iii) ਭਾਵਵਾਚਕ ਨਾਂਵ ਦੀਆਂ ਚਾਰ ਉਦਾਹਰਣਾਂ ਦਿਓ।

(iv) ਕੋਈ ਚਾਰ ਪੜਨਾਂਵ ਸ਼ਬਦ ਲਿਖੋ।

(v) ਕੋਈ ਚਾਰ ਵਿਸ਼ੇਸ਼ਣ ਸ਼ਬਦ ਲਿਖੋ।

(vi) ਮਈ ਦੇ ਮਹੀਨੇ ਪਰੀਖਿਆ ਹੋਵੇਗੀ।

(ਵਾਕ ਵਿਚ ਕਿਰਿਆ ਦਾ ਕਾਲ-ਰੂਪ ਕਿਹੜਾ ਹੈ)

(vii) ਕਿਰਿਆ ਵਿਸ਼ੇਸ਼ਣ ਦੀ ਵਰਤੋਂ ਕਰਦਿਆਂ ਕੋਈ ਦੋ ਵਾਕ ਲਿਖੋ।

(viii) 'ਵਸਤੂ' ਅਤੇ 'ਦੁਰਘਟਨਾ' ਸ਼ਬਦਾਂ ਦੇ ਬਹੁਵਚਨ ਲਿਖੋ।

(ix) 'ਗੱਭਰੂ' ਅਤੇ 'ਪੁਰਖ' ਸ਼ਬਦਾਂ ਦੇ ਇਸਤਰੀ ਲਿੰਗ ਰੂਪ ਲਿਖੋ।

(x) ਪਿਤਾ ਜੀ ਟਰੈਕਟਰ ਚਲਾਉਂਦੇ ਹਨ।

(ਵਾਕ ਨੂੰ ਭੂਤਕਾਲ ਵਿਚ ਬਦਲੋ)

(xi) 'ਕਾਰ' ਅਤੇ 'ਨਾਕ' ਨੂੰ ਪਿਛੇਤਰ ਵਜੋਂ ਵਰਤ ਕੇ ਦੋ ਸ਼ਬਦ ਬਣਾਓ।

(xii) ਕੋਈ ਚਾਰ ਸਮਾਸੀ ਸ਼ਬਦ ਲਿਖੋ।

(xiii) ਕੋਈ ਦੋ ਨਾਂਹਵਾਚੀ ਵਾਕ ਲਿਖੋ।

(xiv) ਕੋਈ ਦੋ ਪ੍ਰਸ਼ਨਵਾਚਕ ਵਾਕ ਲਿਖੋ।

(xv) ਜੇ ਮੀਂਹ ਇਸੇ ਤਰ੍ਹਾਂ ਪੈਂਦਾ ਰਿਹਾ ਤਾਂ ਕੱਚੇ ਮਕਾਨ ਡਿੱਗ ਜਾਣਗੇ। (ਉਪਵਾਕਾਂ ਨੂੰ ਅਲੱਗ ਕਰੋ)

(xvi) ਡਾਕਟਰ ਨੇ ਕਿਹਾ ਕਿ ਮਰੀਜ਼ ਬਚ ਜਾਵੇਗਾ।

(ਉਪਵਾਕਾਂ ਨੂੰ ਅਲੱਗ ਕਰੋ)

(xvii) ਕੋਈ ਚਾਰ ਵਿਸਰਾਮ ਚਿੰਨ੍ਹ ਲਿਖੋ।